ਅਨੰਦੁ ਸਾਹਿਬ

Anand Saahib

ਰਾਮਕਲੀ ਮਹਲਾ ੩ ਅਨੰਦੁ
raamkalee mehlaa 3 anand
Raamkalee, Third Mehl, Anand ~ The Song Of Bliss:

ੴ ਸਤਿਗੁਰ ਪ੍ਰਸਾਦਿ ॥
ik-oNkaar satgur parsaad.
One Universal Creator God. By The Grace Of The True Guru:

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
anand bha-i-aa mayree maa-ay satguroo mai paa-i-aa.
I am in ecstasy, O my mother, for I have found my True Guru.

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
satgur ta paa-i-aa sahj saytee man vajee-aa vaaDhaa-ee-aa.
I have found the True Guru, with intuitive ease, and my mind vibrates with the music of bliss.

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
raag ratan parvaar paree-aa sabad gaavan aa-ee-aa.
The jewelled melodies and their related celestial harmonies have come to sing the Word of the Shabad.

ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
sabdo ta gaavhu haree kayraa man jinee vasaa-i-aa.
The Lord dwells within the minds of those who sing the Shabad.

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥
kahai naanak anand ho-aa satguroo mai paa-i-aa. ||1||
Says Nanak, I am in ecstasy, for I have found my True Guru. ||1||

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ay man mayri-aa too sadaa rahu har naalay.
O my mind, remain always with the Lord.

ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
har naal rahu too man mayray dookh sabh visaarnaa.
Remain always with the Lord, O my mind, and all sufferings will be forgotten.

ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
angeekaar oh karay tayraa kaaraj sabh savaarnaa.
He will accept You as His own, and all your affairs will be perfectly arranged.

ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
sabhnaa galaa samrath su-aamee so ki-o manhu visaaray.
Our Lord and Master is all-powerful to do all things, so why forget Him from your mind?

ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥
kahai naanak man mayray sadaa rahu har naalay. ||2||
Says Nanak, O my mind, remain always with the Lord. ||2||

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
saachay saahibaa ki-aa naahee ghar tayrai.
O my True Lord and Master, what is there which is not in Your celestial home?

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥
ghar ta tayrai sabh kichh hai jis deh so paav-ay.
Everything is in Your home; they receive, unto whom You give.

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥
sadaa sifat salaah tayree naam man vasaava-ay.
Constantly singing Your Praises and Glories, Your Name is enshrined in the mind.

ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
naam jin kai man vasi-aa vaajay sabad ghanayray.
The divine melody of the Shabad vibrates for those, within whose minds the Naam abides.

ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥
kahai naanak sachay saahib ki-aa naahee ghar tayrai. ||3||
Says Nanak, O my True Lord and Master, what is there which is not in Your home? ||3||

ਸਾਚਾ ਨਾਮੁ ਮੇਰਾ ਆਧਾਰੋ ॥
saachaa naam mayraa aaDhaaro.
The True Name is my only support.

ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥
saach naam aDhaar mayraa jin bhukhaa sabh gavaa-ee-aa.
The True Name is my only support; it satisfies all hunger.

ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥
kar saaNt sukh man aa-ay vasi-aa jin ichhaa sabh pujaa-ee-aa.
It has brought peace and tranquility to my mind; it has fulfilled all my desires.

ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥
sadaa kurbaan keetaa guroo vitahu jis dee-aa ayhi vadi-aa-ee-aa.
I am forever a sacrifice to the Guru, who possesses such glorious greatness.

ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥
kahai naanak sunhu santahu sabad Dharahu pi-aaro.
Says Nanak, listen, O Saints; enshrine love for the Shabad.

ਸਾਚਾ ਨਾਮੁ ਮੇਰਾ ਆਧਾਰੋ ॥੪॥
saachaa naam mayraa aaDhaaro. ||4||
The True Name is my only support. ||4||

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
vaajay panch sabad tit ghar sabhaagai.
The Panch Shabad, the five primal sounds, vibrate in that blessed house.

ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ghar sabhaagai sabad vaajay kalaa jit ghar Dhaaree-aa.
In that blessed house, the Shabad vibrates; He infuses His almighty power into it.

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
panch doot tuDh vas keetay kaal kantak maari-aa.
Through You, we subdue the five demons of desire, and slay Death, the torturer.

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
Dhur karam paa-i-aa tuDh jin ka-o se naam har kai laagay.
Those who have such pre-ordained destiny are attached to the Lord's Name.

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥
kahai naanak tah sukh ho-aa tit ghar anhad vaajay. ||5||
Says Nanak, they are at peace, and the unstruck sound current vibrates within their homes. ||5||

ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥
saachee livai bin dayh nimaanee.
Without the true love of devotion, the body is without honor.

ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥
dayh nimaanee livai baajhahu ki-aa karay vaychaaree-aa.
The body is dishonored without devotional love; what can the poor wretches do?

ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥
tuDh baajh samrath ko-ay naahee kirpaa kar banvaaree-aa.
No one except You is all-powerful; please bestow Your Mercy, O Lord of all nature.

ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥
ays na-o hor thaa-o naahee sabad laag savaaree-aa.
There is no place of rest, other than the Name; attached to the Shabad, we are embellished with beauty.

ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥
kahai naanak livai baajhahu ki-aa karay vaychaaree-aa. ||6||
Says Nanak, without devotional love, what can the poor wretches do? ||6||

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
aanand aanand sabh ko kahai aanand guroo tay jaani-aa.
Bliss, bliss - everyone talks of bliss; bliss is known only through the Guru.

ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
jaani-aa aanand sadaa gur tay kirpaa karay pi-aari-aa.
Eternal bliss in known only through the Guru, when the Beloved Lord grants His Grace.

ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
kar kirpaa kilvikh katay gi-aan anjan saari-aa.
Granting His Grace, He cuts away our sins; He blesses us with the healing ointment of spiritual wisdom.

ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
andrahu jin kaa moh tutaa tin kaa sabad sachai savaari-aa.
Those who eradicate attachment from within themselves, are adorned with the Shabad, the Word of the True Lord.

ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥
kahai naanak ayhu anand hai aanand gur tay jaani-aa. ||7||
Says Nanak, this alone is bliss - bliss which is known through the Guru. ||7||

ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥
baabaa jis too deh so-ee jan paavai.
O Baba, he alone receives it, unto whom You give it.

ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ ॥
paavai ta so jan deh jis no hor ki-aa karahi vaychaari-aa.
He alone receives it, unto whom You give it; what can the other poor wretched beings do?

ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ ॥
ik bharam bhoolay fireh dah dis ik naam laag savaari-aa.
Some are deluded by doubt, wandering in the ten directions; some are adorned with attachment to the Naam.

ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥
gur parsaadee man bha-i-aa nirmal jinaa bhaanaa bhaav-ay.
By Guru's Grace, the mind becomes immaculate and pure, for those who follow God's Will.

ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥
kahai naanak jis deh pi-aaray so-ee jan paav-ay. ||8||
Says Nanak, he alone receives it, unto whom You give it, O Beloved Lord. ||8||

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥
aavhu sant pi-aariho akath kee karah kahaanee.
Come, Beloved Saints, let us speak the Unspoken Speech of the Lord.

ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥
karah kahaanee akath kayree kit du-aarai paa-ee-ai.
How can we speak the Unspoken Speech of the Lord? Through which door will we find Him?

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥
tan man Dhan sabh sa-up gur ka-o hukam mani-ai paa-ee-ai.
Surrender body, mind, wealth, and everything to the Guru; obey the Order of His Will, and you will find Him.

ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥
hukam mannihu guroo kayraa gaavhu sachee banee.
Obey the Hukam of the Guru's Command, and sing the True Word of His Bani.

ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥
kahai naanak sunhu santahu kathihu akath kahaanee. ||9||
Says Nanak, listen, O Saints, and speak the Unspoken Speech of the Lord. ||9||

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥
ay man chanchlaa chaturaa-ee kinai na paa-i-aa.
O fickle mind, through cleverness, no one has found the Lord.

ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥
chaturaa-ee na paa-i-aa kinai too sun man mayri-aa.
Through cleverness, no one has found Him; listen, O my mind.

ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥
ayh maa-i-aa mohnee jin ayt bharam bhulaa-i-aa.
This Maya is so fascinating; because of it, people wander in doubt.

ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥
maa-i-aa ta mohnee tinai keetee jin thag-ulee paa-ee-aa.
This fascinating Maya was created by the One who has administered this potion.

ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥
kurbaan keetaa tisai vitahu jin moh meethaa laa-i-aa.
I am a sacrifice to the One who has made emotional attachment sweet.

ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥
kahai naanak man chanchal chaturaa-ee kinai na paa-i-aa. ||10||
Says Nanak, O fickle mind, no one has found Him through cleverness. ||10||

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥
ay man pi-aari-aa too sadaa sach samaalay.
O beloved mind, contemplate the True Lord forever.

ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ayhu kutamb too je daykh-daa chalai naahee tayrai naalay.
This family which you see shall not go along with you.

ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥
saath tayrai chalai naahee tis naal ki-o chit laa-ee-ai.
They shall not go along with you, so why do you focus your attention on them?

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥
aisaa kamm moolay na keechai jit ant pachhotaa-ee-ai.
Don't do anything that you will regret in the end.

ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥
satguroo kaa updays sun too hovai tayrai naalay.
Listen to the Teachings of the True Guru - these shall go along with you.

ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥
kahai naanak man pi-aaray too sadaa sach samaalay. ||11||
Says Nanak, O beloved mind, contemplate the True Lord forever. ||11||

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥
agam agocharaa tayraa ant na paa-i-aa.
O inaccessible and unfathomable Lord, Your limits cannot be found.

ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥
anto na paa-i-aa kinai tayraa aapnaa aap too jaanhay.
No one has found Your limits; only You Yourself know.

ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥
jee-a jant sabh khayl tayraa ki-aa ko aakh vakhaana-ay.
All living beings and creatures are Your play; how can anyone describe You?

ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥
aakhahi ta vaykheh sabh toohai jin jagat upaa-i-aa.
You speak, and You gaze upon all; You created the Universe.

ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥੧੨॥
kahai naanak too sadaa agamm hai tayraa ant na paa-i-aa. ||12||
Says Nanak, You are forever inaccessible; Your limits cannot be found. ||12||

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥
sur nar mun jan amrit khojday so amrit gur tay paa-i-aa.
The angelic beings and the silent sages search for the Ambrosial Nectar; this Amrit is obtained from the Guru.

ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥
paa-i-aa amrit gur kirpaa keenee sachaa man vasaa-i-aa.
This Amrit is obtained, when the Guru grants His Grace; He enshrines the True Lord within the mind.

ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥
jee-a jant sabh tuDh upaa-ay ik vaykh parsan aa-i-aa.
All living beings and creatures were created by You; only some come to see the Guru, and seek His blessing.

ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥
lab lobh ahaNkaar chookaa satguroo bhalaa bhaa-i-aa.
Their greed, avarice and egotism are dispelled, and the True Guru seems sweet.

ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥
kahai naanak jis no aap tuthaa tin amrit gur tay paa-i-aa. ||13||
Says Nanak, those with whom the Lord is pleased, obtain the Amrit, through the Guru. ||13||

ਭਗਤਾ ਕੀ ਚਾਲ ਨਿਰਾਲੀ ॥
bhagtaa kee chaal niraalee.
The lifestyle of the devotees is unique and distinct.

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
chaalaa niraalee bhagtaah kayree bikham maarag chalnaa.
The devotees' lifestyle is unique and distinct; they follow the most difficult path.

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
lab lobh ahaNkaar taj tarisnaa bahut naahee bolnaa.
They renounce greed, avarice, egotism and desire; they do not talk too much.

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
khanni-ahu tikhee vaalahu nikee ayt maarag jaanaa.
The path they take is sharper than a two-edged sword, and finer than a hair.

ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
gur parsaadee jinee aap taji-aa har vaasnaa samaanee.
By Guru's Grace, they shed their selfishness and conceit; their hopes are merged in the Lord.

ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥
kahai naanak chaal bhagtaa jugahu jug niraalee. ||14||
Says Nanak, the lifestyle of the devotees, in each and every age, is unique and distinct. ||14||

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ ॥
ji-o too chalaa-ihi tiv chalah su-aamee hor ki-aa jaanaa gun tayray.
As You make me walk, so do I walk, O my Lord and Master; what else do I know of Your Glorious Virtues?

ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ॥
jiv too chalaa-ihi tivai chalah jinaa maarag paavhay.
As You cause them to walk, they walk - You have placed them on the Path.

ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ ॥
kar kirpaa jin naam laa-ihi se har har sadaa Dhi-aavhay.
In Your Mercy, You attach them to the Naam; they meditate forever on the Lord, Har, Har.

ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥
jis no kathaa sunaa-ihi aapnee se gurdu-aarai sukh paavhay.
Those whom You cause to listen to Your sermon, find peace in the Gurdwara, the Guru's Gate.

ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ ॥੧੫॥
kahai naanak sachay saahib ji-o bhaavai tivai chalaavahay. ||15||
Says Nanak, O my True Lord and Master, you make us walk according to Your Will. ||15||

ਏਹੁ ਸੋਹਿਲਾ ਸਬਦੁ ਸੁਹਾਵਾ ॥
ayhu sohilaa sabad suhaavaa.
This song of praise is the Shabad, the most beautiful Word of God.

ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥
sabdo suhaavaa sadaa sohilaa satguroo sunaa-i-aa.
This beauteous Shabad is the everlasting song of praise, spoken by the True Guru.

ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥
ayhu tin kai man vasi-aa jin Dharahu likhi-aa aa-i-aa.
This is enshrined in the minds of those who are so pre-destined by the Lord.

ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥
ik fireh ghanayray karahi galaa galee kinai na paa-i-aa.
Some wander around, babbling on and on, but none obtain Him by babbling.

ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥੧੬॥
kahai naanak sabad sohilaa satguroo sunaa-i-aa. ||16||
Says Nanak, the Shabad, this song of praise, has been spoken by the True Guru. ||16||

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ॥
pavit ho-ay say janaa jinee har Dhi-aa-i-aa.
Those humble beings who meditate on the Lord become pure.

ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥
har Dhi-aa-i-aa pavit ho-ay gurmukh jinee Dhi-aa-i-aa.
Meditating on the Lord, they become pure; as Gurmukh, they meditate on Him.

ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ ॥
pavit maataa pitaa kutamb sahit si-o pavit sangat sabaa-ee-aa.
They are pure, along with their mothers, fathers, family and friends; all their companions are pure as well.

ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥
kahday pavit sunday pavit say pavit jinee man vasaa-i-aa.
Pure are those who speak, and pure are those who listen; those who enshrine it within their minds are pure.

ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥
kahai naanak say pavit jinee gurmukh har har Dhi-aa-i-aa. ||17||
Says Nanak, pure and holy are those who, as Gurmukh, meditate on the Lord, Har, Har. ||17||

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
karmee sahj na oopjai vin sahjai sahsaa na jaa-ay.
By religious rituals, intuitive poise is not found; without intuitive poise, skepticism does not depart.

ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
nah jaa-ay sahsaa kitai sanjam rahay karam kamaa-ay.
Skepticism does not depart by contrived actions; everybody is tired of performing these rituals.

ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
sahsai jee-o maleen hai kit sanjam Dhotaa jaa-ay.
The soul is polluted by skepticism; how can it be cleansed?

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
man Dhovahu sabad laagahu har si-o rahhu chit laa-ay.
Wash your mind by attaching it to the Shabad, and keep your consciousness focused on the Lord.

ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥
kahai naanak gur parsaadee sahj upjai ih sahsaa iv jaa-ay. ||18||
Says Nanak, by Guru's Grace, intuitive poise is produced, and this skepticism is dispelled. ||18||

ਜੀਅਹੁ ਮੈਲੇ ਬਾਹਰਹੁ ਨਿਰਮਲ ॥
jee-ahu mailay baahrahu nirmal.
Inwardly polluted, and outwardly pure.

ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
baahrahu nirmal jee-ahu ta mailay tinee janam joo-ai haari-aa.
Those who are outwardly pure and yet polluted within, lose their lives in the gamble.

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ayh tisnaa vadaa rog lagaa maran manhu visaari-aa.
They contract this terrible disease of desire, and in their minds, they forget about dying.

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
vaydaa meh naam utam so suneh naahee fireh ji-o baytaali-aa.
In the Vedas, the ultimate objective is the Naam, the Name of the Lord; but they do not hear this, and they wander around like demons.

ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥
kahai naanak jin sach taji-aa koorhay laagay tinee janam joo-ai haari-aa. ||19||
Says Nanak, those who forsake Truth and cling to falsehood, lose their lives in the gamble. ||19||

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
jee-ahu nirmal baahrahu nirmal.
Inwardly pure, and outwardly pure.

ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥
baahrahu ta nirmal jee-ahu nirmal satgur tay karnee kamaanee.
Those who are outwardly pure and also pure within, through the Guru, perform good deeds.

ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥
koorh kee so-ay pahuchai naahee mansaa sach samaanee.
Not even an iota of falsehood touches them; their hopes are absorbed in the Truth.

ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥
janam ratan jinee khati-aa bhalay say vanjaaray.
Those who earn the jewel of this human life, are the most excellent of merchants.

ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥
kahai naanak jin man nirmal sadaa raheh gur naalay. ||20||
Says Nanak, those whose minds are pure, abide with the Guru forever. ||20||

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
jay ko sikh guroo saytee sanmukh hovai.
If a Sikh turns to the Guru with sincere faith, as sunmukh

ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥
hovai ta sanmukh sikh ko-ee jee-ahu rahai gur naalay.
- if a Sikh turns to the Guru with sincere faith, as sunmukh, his soul abides with the Guru.

ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
gur kay charan hirdai Dhi-aa-ay antar aatmai samaalay.
Within his heart, he meditates on the lotus feet of the Guru; deep within his soul, he contemplates Him.

ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
aap chhad sadaa rahai parnai gur bin avar na jaanai ko-ay.
Renouncing selfishness and conceit, he remains always on the side of the Guru; he does not know anyone except the Guru.

ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥
kahai naanak sunhu santahu so sikh sanmukh ho-ay. ||21||
Says Nanak, listen, O Saints: such a Sikh turns toward the Guru with sincere faith, and becomes sunmukh. ||21||

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥
jay ko gur tay vaimukh hovai bin satgur mukat na paavai.
One who turns away from the Guru, and becomes baymukh - without the True Guru, he shall not find liberation.

ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥
paavai mukat na hor thai ko-ee puchhahu bibaykee-aa jaa-ay.
He shall not find liberation anywhere else either; go and ask the wise ones about this.

ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥
anayk joonee bharam aavai vin satgur mukat na paa-ay.
He shall wander through countless incarnations; without the True Guru, he shall not find liberation.

ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥
fir mukat paa-ay laag charnee satguroo sabad sunaa-ay.
But liberation is attained, when one is attached to the feet of the True Guru, chanting the Word of the Shabad.

ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥
kahai naanak veechaar daykhhu vin satgur mukat na paa-ay. ||22||
Says Nanak, contemplate this and see, that without the True Guru, there is no liberation. ||22||

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
aavhu sikh satguroo kay pi-aariho gaavhu sachee banee.
Come, O beloved Sikhs of the True Guru, and sing the True Word of His Bani.

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
banee ta gaavhu guroo kayree baanee-aa sir banee.
Sing the Guru's Bani, the supreme Word of Words.

ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
jin ka-o nadar karam hovai hirdai tinaa samaanee.
Those who are blessed by the Lord's Glance of Grace - their hearts are imbued with this Bani.

ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥
peevhu amrit sadaa rahhu har rang japihu saarigpaanee.
Drink in this Ambrosial Nectar, and remain in the Lord's Love forever; meditate on the Lord, the Sustainer of the world.

ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥
kahai naanak sadaa gaavhu ayh sachee banee. ||23||
Says Nanak, sing this True Bani forever. ||23||

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
satguroo binaa hor kachee hai banee.
Without the True Guru, other songs are false.

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
banee ta kachee satguroo baajhahu hor kachee banee.
The songs are false without the True Guru; all other songs are false.

ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥
kahday kachay sunday kachay kachee^{N} aakh vakhaanee.
The speakers are false, and the listeners are false; those who speak and recite are false.

ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥
har har nit karahi rasnaa kahi-aa kachhoo na jaanee.
They may continually chant, 'Har, Har' with their tongues, but they do not know what they are saying.

ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥
chit jin kaa hir la-i-aa maa-i-aa bolan pa-ay ravaanee.
Their consciousness is lured by Maya; they are just reciting mechanically.

ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥
kahai naanak satguroo baajhahu hor kachee banee. ||24||
Says Nanak, without the True Guru, other songs are false. ||24||

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥
gur kaa sabad ratann hai heeray jit jarhaa-o.
The Word of the Guru's Shabad is a jewel, studded with diamonds.

ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
sabad ratan jit man laagaa ayhu ho-aa samaa-o.
The mind which is attached to this jewel, merges into the Shabad.

ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥
sabad saytee man mili-aa sachai laa-i-aa bhaa-o.
One whose mind is attuned to the Shabad, enshrines love for the True Lord.

ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
aapay heeraa ratan aapay jis no day-ay bujhaa-ay.
He Himself is the diamond, and He Himself is the jewel; one who is blessed, understands its value.

ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥
kahai naanak sabad ratan hai heeraa jit jarhaa-o. ||25||
Says Nanak, the Shabad is a jewel, studded with diamonds. ||25||

ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
siv sakat aap upaa-ay kai kartaa aapay hukam vartaa-ay.
He Himself created Shiva and Shakti, mind and matter; the Creator subjects them to His Command.

ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥
hukam vartaa-ay aap vaykhai gurmukh kisai bujhaa-ay.
Enforcing His Order, He Himself sees all. How rare are those who, as Gurmukh, come to know Him.

ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
torhay banDhan hovai mukat sabad man vasaa-ay.
They break their bonds, and attain liberation; they enshrine the Shabad within their minds.

ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
gurmukh jis no aap karay so hovai aykas si-o liv laa-ay.
Those whom the Lord Himself makes Gurmukh, lovingly focus their consciousness on the One Lord.

ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥
kahai naanak aap kartaa aapay hukam bujhaa-ay. ||26||
Says Nanak, He Himself is the Creator; He Himself reveals the Hukam of His Command. ||26||

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥
simrit saastar punn paap beechaarday tatai saar na jaanee.
The Simritees and the Shaastras discriminate between good and evil, but they do not know the true essence of reality.

ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥
tatai saar na jaanee guroo baajhahu tatai saar na jaanee.
They do not know the true essence of reality without the Guru; they do not know the true essence of reality.

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥
tihee gunee sansaar bharam sutaa suti-aa rain vihaanee.
The world is asleep in the three modes and doubt; it passes the night of its life sleeping.

ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
gur kirpaa tay say jan jaagay jinaa har man vasi-aa boleh amrit banee.
Those humble beings remain awake and aware, within whose minds, by Guru's Grace, the Lord abides; they

chant the Ambrosial Word of the Guru's Bani.

ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥
kahai naanak so tat paa-ay jis no an-din har liv laagai jaagat rain vihaanee. ||27||
Says Nanak, they alone obtain the essence of reality, who night and day remain lovingly absorbed in the Lord; they pass the night of their life awake and aware. ||27||

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥
maataa kay udar meh partipaal karay so ki-o manhu visaaree-ai.
He nourished us in the mother's womb; why forget Him from the mind?

ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥
manhu ki-o visaaree-ai ayvad daataa je agan meh aahaar pahuchaava-ay.
Why forget from the mind such a Great Giver, who gave us sustenance in the fire of the womb?

ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥
os no kihu pohi na sakee jis na-o aapnee liv laav-ay.
Nothing can harm one, whom the Lord inspires to embrace His Love.

ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥
aapnee liv aapay laa-ay gurmukh sadaa samaalee-ai.
He Himself is the love, and He Himself is the embrace; the Gurmukh contemplates Him forever.

ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੮॥
kahai naanak ayvad daataa so ki-o manhu visaaree-ai. ||28||
Says Nanak, why forget such a Great Giver from the mind? ||28||

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
jaisee agan udar meh taisee baahar maa-i-aa.
As is the fire within the womb, so is Maya outside.

ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥
maa-i-aa agan sabh iko jayhee kartai khayl rachaa-i-aa.
The fire of Maya is one and the same; the Creator has staged this play.

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
jaa tis bhaanaa taa jammi-aa parvaar bhalaa bhaa-i-aa.
According to His Will, the child is born, and the family is very pleased.

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
liv chhurhkee lagee tarisnaa maa-i-aa amar vartaa-i-aa.
Love for the Lord wears off, and the child becomes attached to desires; the script of Maya runs its course.

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
ayh maa-i-aa jit har visrai moh upjai bhaa-o doojaa laa-i-aa.
This is Maya, by which the Lord is forgotten; emotional attachment and love of duality well up.

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥
kahai naanak gur parsaadee jinaa liv laagee tinee vichay maa-i-aa paa-i-aa. ||29||
Says Nanak, by Guru's Grace, those who enshrine love for the Lord find Him, in the midst of Maya. ||29||

ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥
har aap amulak hai mul na paa-i-aa jaa-ay.
The Lord Himself is priceless; His worth cannot be estimated.

ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥
mul na paa-i-aa jaa-ay kisai vitahu rahay lok villaa-ay.
His worth cannot be estimated, even though people have grown weary of trying.

ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥
aisaa satgur jay milai tis no sir sa-upee-ai vichahu aap jaa-ay.
If you meet such a True Guru, offer your head to Him; your selfishness and conceit will be eradicated from within.

ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥
jis daa jee-o tis mil rahai har vasai man aa-ay.
Your soul belongs to Him; remain united with Him, and the Lord will come to dwell in your mind.

ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥੩੦॥
har aap amulak hai bhaag tinaa kay naankaa jin har palai paa-ay. ||30||
The Lord Himself is priceless; very fortunate are those, O Nanak, who attain to the Lord. ||30||

ਹਰਿ ਰਾਸਿ ਮੇਰੀ ਮਨੁ ਵਣਜਾਰਾ ॥
har raas mayree man vanjaaraa.
The Lord is my capital; my mind is the merchant.

ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥
har raas mayree man vanjaaraa satgur tay raas jaanee.
The Lord is my capital, and my mind is the merchant; through the True Guru, I know my capital.

ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥
har har nit japihu jee-ahu laahaa khatihu dihaarhee.
Meditate continually on the Lord, Har, Har, O my soul, and you shall collect your profits daily.

ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥
ayhu Dhan tinaa mili-aa jin har aapay bhaanaa.
This wealth is obtained by those who are pleasing to the Lord's Will.

ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥
kahai naanak har raas mayree man ho-aa vanjaaraa. ||31||
Says Nanak, the Lord is my capital, and my mind is the merchant. ||31||

ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ay rasnaa too an ras raach rahee tayree pi-aas na jaa-ay.
O my tongue, you are engrossed in other tastes, but your thirsty desire is not quenched.

ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
pi-aas na jaa-ay horat kitai jichar har ras palai na paa-ay.
Your thirst shall not be quenched by any means, until you attain the subtle essence of the Lord.

ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
har ras paa-ay palai pee-ai har ras bahurh na tarisnaa laagai aa-ay.
If you do obtain the subtle essence of the Lord, and drink in this essence of the Lord, you shall not be troubled by desire again.

ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ayhu har ras karmee paa-ee-ai satgur milai jis aa-ay.
This subtle essence of the Lord is obtained by good karma, when one comes to meet with the True Guru.

ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥
kahai naanak hor an ras sabh veesray jaa har vasai man aa-ay. ||32||
Says Nanak, all other tastes and essences are forgotten, when the Lord comes to dwell within the mind. ||32||

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥
ay sareeraa mayri-aa har tum meh jot rakhee taa too jag meh aa-i-aa.
O my body, the Lord infused His Light into you, and then you came into the world.

ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥
har jot rakhee tuDh vich taa too jag meh aa-i-aa.
The Lord infused His Light into you, and then you came into the world.

ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥
har aapay maataa aapay pitaa jin jee-o upaa-ay jagat dikhaa-i-aa.
The Lord Himself is your mother, and He Himself is your father; He created the created beings, and revealed the world to them.

ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥
gur parsaadee bujhi-aa taa chalat ho-aa chalat nadree aa-i-aa.
By Guru's Grace, some understand, and then it's a show; it seems like just a show.

ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥
kahai naanak sarisat kaa mool rachi-aa jot raakhee taa too jag meh aa-i-aa. ||33||
Says Nanak, He laid the foundation of the Universe, and infused His Light, and then you came into the world. ||33||

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥
man chaa-o bha-i-aa parabh aagam suni-aa.
My mind has become joyful, hearing of God's coming.

ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥
har mangal gaa-o sakhee garihu mandar bani-aa.
Sing the songs of joy to welcome the Lord, O my companions; my household has become the Lord's Mansion.

ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥
har gaa-o mangal nit sakhee-ay sog dookh na vi-aapa-ay.
Sing continually the songs of joy to welcome the Lord, O my companions, and sorrow and suffering will not afflict you.

ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥
gur charan laagay din sabhaagay aapnaa pir jaap-ay.
Blessed is that day, when I am attached to the Guru's feet and meditate on my Husband Lord.

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥
anhat banee gur sabad jaanee har naam har ras bhogo.
I have come to know the unstruck sound current and the Word of the Guru's Shabad; I enjoy the sublime essence of the Lord, the Lord's Name.

ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥
kahai naanak parabh aap mili-aa karan kaaran jogo. ||34||
Says Nanak, God Himself has met me; He is the Doer, the Cause of causes. ||34||

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ay sareeraa mayri-aa is jag meh aa-ay kai ki-aa tuDh karam kamaa-i-aa.
O my body, why have you come into this world? What actions have you committed?

ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥
ke karam kamaa-i-aa tuDh sareeraa jaa too jag meh aa-i-aa.
And what actions have you committed, O my body, since you came into this world?

ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥
jin har tayraa rachan rachi-aa so har man na vasaa-i-aa.
The Lord who formed your form - you have not enshrined that Lord in your mind.

ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥
gur parsaadee har man vasi-aa poorab likhi-aa paa-i-aa.
By Guru's Grace, the Lord abides within the mind, and one's pre-ordained destiny is fulfilled.

ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥
kahai naanak ayhu sareer parvaan ho-aa jin satgur si-o chit laa-i-aa. ||35||
Says Nanak, this body is adorned and honored, when one's consciousness is focused on the True Guru. ||35||

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ay naytarahu mayriho har tum meh jot Dharee har bin avar na daykhhu ko-ee.
O my eyes, the Lord has infused His Light into you; do not look upon any other than the Lord.

ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥
har bin avar na daykhhu ko-ee nadree har nihaali-aa.
Do not look upon any other than the Lord; the Lord alone is worthy of beholding.

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥
ayhu vis sansaar tum daykh-day ayhu har kaa roop hai har roop nadree aa-i-aa.
This whole world which you see is the image of the Lord; only the image of the Lord is seen.

ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥
gur parsaadee bujhi-aa jaa vaykhaa har ik hai har bin avar na ko-ee.
By Guru's Grace, I understand, and I see only the One Lord; there is no one except the Lord.

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥
kahai naanak ayhi naytar anDh say satgur mili-ai dib darisat ho-ee. ||36||
Says Nanak, these eyes were blind; but meeting the True Guru, they became all-seeing. ||36||

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ay sarvanhu mayriho saachai sunnai no pathaa-ay.
O my ears, you were created only to hear the Truth.

ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥
saachai sunnai no pathaa-ay sareer laa-ay sunhu sat banee.
To hear the Truth, you were created and attached to the body; listen to the True Bani.

ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥
jit sunee man tan hari-aa ho-aa rasnaa ras samaanee.
Hearing it, the mind and body are rejuvenated, and the tongue is absorbed in Ambrosial Nectar.

ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥
sach alakh vidaanee taa kee gat kahee na jaa-ay.
The True Lord is unseen and wondrous; His state cannot be described.

ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥
kahai naanak amrit naam sunhu pavitar hovhu saachai sunnai no pathaa-ay. ||37||
Says Nanak, listen to the Ambrosial Naam and become holy; you were created only to hear the Truth. ||37||

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
har jee-o gufaa andar rakh kai vaajaa pavan vajaa-i-aa.
The Lord placed the soul to the cave of the body, and blew the breath of life into the musical instrument of the body.

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥
vajaa-i-aa vaajaa pa-un na-o du-aaray pargat kee-ay dasvaa gupat rakhaa-i-aa.
He blew the breath of life into the musical instrument of the body, and revealed the nine doors; but He kept the Tenth Door hidden.

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥
gurdu-aarai laa-ay bhaavnee iknaa dasvaa du-aar dikhaa-i-aa.
Through the Gurdwara, the Guru's Gate, some are blessed with loving faith, and the Tenth Door is revealed to them.

ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥
tah anayk roop naa-o nav niDh tis daa ant na jaa-ee paa-i-aa.
There are many images of the Lord, and the nine treasures of the Naam; His limits cannot be found.

ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥
kahai naanak har pi-aarai jee-o gufaa andar rakh kai vaajaa pavan vajaa-i-aa. ||38||
Says Nanak, the Lord placed the soul to the cave of the body, and blew the breath of life into the musical instrument of the body. ||38||

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥
ayhu saachaa sohilaa saachai ghar gaavhu.
Sing this true song of praise in the true home of your soul.

ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥
gaavhu ta sohilaa ghar saachai jithai sadaa sach Dhi-aavhay.
Sing the song of praise in your true home; meditate there on the True Lord forever.

ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
sacho Dhi-aavahi jaa tuDh bhaaveh gurmukh jinaa bujhaavhay.
They alone meditate on You, O True Lord, who are pleasing to Your Will; as Gurmukh, they understand.

ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ih sach sabhnaa kaa khasam hai jis bakhsay so jan paavhay.
This Truth is the Lord and Master of all; whoever is blessed, obtains it.

ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥
kahai naanak sach sohilaa sachai ghar gaavhay. ||39||
Says Nanak, sing the true song of praise in the true home of your soul. ||39||

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
anad sunhu vadbhaageeho sagal manorath pooray.
Listen to the song of bliss, O most fortunate ones; all your longings shall be fulfilled.

ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
paarbarahm parabh paa-i-aa utray sagal visooray.
I have obtained the Supreme Lord God, and all sorrows have been forgotten.

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
dookh rog santaap utray sunee sachee banee.
Pain, illness and suffering have departed, listening to the True Bani.

ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
sant saajan bha-ay sarsay pooray gur tay jaanee.
The Saints and their friends are in ecstasy, knowing the Perfect Guru.

ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
suntay puneet kahtay pavit satgur rahi-aa bharpooray.
Pure are the listeners, and pure are the speakers; the True Guru is all-pervading and permeating.

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥
binvant naanak gur charan laagay vaajay anhad tooray. ||40||1||
Prays Nanak, touching the Guru's Feet, the unstruck sound current of the celestial bugles vibrates and resounds. ||40||1||